## ਇੰਡੀਆ ਫਾਊਂਡੇਸ਼ਨ ਫਾਰ ਦਿ ਆਰਟਸ (ਆਈ.ਐਫ.ਏ.)

**ਆਰਟਸ ਪ੍ਰੈਕਟਿਸ** ਪ੍ਰੋਗਰਾਮ ਤਹਿਤ

***ਐਕਸਪਲੋਰੇਸ਼ਨਜ***

ਲਈ ਅਰਜ਼ੀਆਂ ਦਾ ਸੱਦਾ ਦਿੰਦਾ ਹੈ

**ਅਰਜ਼ੀਆਂ ਦੀ ਆਖਰੀ ਤਰੀਕ: 19 ਅਪ੍ਰੈਲ 2024**

ਆਰਟਸ ਪ੍ਰੈਕਟਿਸ ਪ੍ਰੋਗਰਾਮ ਅਜਿਹੇ ਪ੍ਰੋਜੈਕਟਸ ਅਮਲ ਵਿਚ ਲਿਆਉਣਾ ਚਾਹੁੰਦਾ ਹੈ ਜਿਹੜੇ ਕਲਾਕਾਰਾਂ ਦੇ ਮੌਜੂਦਾ ਪ੍ਰੈਕਟਿਸਜ ਦੀ ਰੇਂਜ ਨੂੰ ਨਵੀਆਂ ਦਿਸ਼ਾਵਾਂ ਦੇਣ। ਇਹ ਕਲਾ-ਕਿਰਤਾਂ ਬਣਾਉਣ ਦੀਆਂ ਪਿਰਤਾਂ ਨੂੰ ਸਵਾਲ ਕਰਨ ਵਾਲੇ ਹੋ ਸਕਦੇ ਹਨ; ਜਿਨ੍ਹਾਂ ਨਾਲ਼ ਕੌਂਟੈਂਟ(ਤੱਤ), ਫੌਰਮ(ਸ਼ਕਲ), ਅਤੇ ਮਾਧਿਅਮ ਦੀਆਂ ਹੱਦਾਂ ਵਧਾਈਆਂ ਜਾਣ; ਸਪੇਸ, ਦਰਸ਼ਕਾਂ ਅਤੇ ਕਲਾਕਾਰ ਬਿਰਾਦਰੀਆਂ ਵਿਚ ਸਾਂਝ ਬਣਾਉਣ ਦੇ ਨਵੇਂ ਤਰੀਕੇ ਖੋਜਦਿਆਂ ਤਜ਼ਰਬੇਕਾਰ ਸਪਿਰਿਟ ਨੂੰ ਅੱਗੇ ਲਿਆਂਦਾ ਜਾਵੇ।

*ਇਕ ਫ਼ਿਲਮਸਾਜ਼ ਕਿਸੇ ਕਦੀਮੀ ਸ਼ਹਿਰ ਦੀਆਂ ਯਾਦਾਂ ਤੋਂ ਕਾਲਪਨਿਕ ਅਕਸਾਂ ਵਾਲ਼ਾ ਬਿਰਤਾਂਤ ਸਿਰਜਦਾ ਹੈ।*
*ਨਾਚ ਨਿਰਦੇਸ਼ਕ ਆਪਣੀ ਬਿਰਾਦਰੀ ਨਾਲ਼ ਰਲ਼ ਕੇ ਲੋਕ ਕਹਾਣੀਆਂ ਦੀ ਖੋਜ ਕਰਦਾ 'ਲੋਕ-ਨਾਚ' ਬਣਾਉਂਦਾ ਹੈ।*
*ਇਕ ਕਲਾਕਾਰ ਕਿਸੇ ਪਰਿਵਾਰਕ ਮੈਂਬਰ ਦੀਆਂ ਇਕੱਠੀਆਂ ਕੀਤੀਆਂ ਚੀਜਾਂ ਦਾ ਵਰਚੁਅਲ ਮਿਊਜ਼ੀਅਮ ਬਣਾਉਂਦਾ ਹੈ।*
*ਇਕ ਸਮਾਜਿਕ ਡਿਜਾਈਨ ਅਭਿਆਸੀ, ਪੇਂਡੂ ਔਰਤਾਂ ਦੇ ਜਥੇ ਤੋਂ ਉਹਨਾਂ ਦੇ ਤਜਰਬਿਆਂ ਬਾਰੇ ਜਾਣ ਕੇ ਕੋਈ ਕਲਾਕਿਰਤ ਬਣਾਉਂਦਾ ਹੈ।*

ਆਪਣੇ ਕਲਾ ਦੇ ਅਮਲ ਵਿਚ ਕਿਸੇ ਨਵੇਂ ਵਿਚਾਰ ਦਾ ਫੁਰਨਾ ਸਾਨੂੰ ਫੁਰ ਸਕਦਾ ਹੈ ਜਾਂ ਕਿਸੇ ਨਵੀਂ ਅਤੇ ਦਿਲਖਿੱਚਵੀਂ ਦਿਸ਼ਾ ਵਿਚ ਪੁਲਾਂਘ ਪੁੱਟਣ ਦੀ ਤਾਂਘ ਸਾਡੇ ਮਨ ਵਿਚ ਪੈਦਾ ਹੋ ਸਕਦੀ ਹੈ। ਪਰ, ਸਾਡੇ ਕਲਾ ਅਭਿਆਸ ਦੇ ਪਰਿਪੇਖ ਅਤੇ ਸਥਿਤੀ ਦੇ ਚਲਦਿਆਂ, ਅਜਿਹੇ ਵਿਚਾਰ ਅਣਜਾਣ ਅਤੇ ਉਹਨਾਂ ਉਪਰ ਅਮਲ ਦਾ ਸਫ਼ਰ ਕੱਚਾ ਅਤੇ ਅਣਮਿਥਿਆ ਹੋ ਸਕਦਾ ਹੈ। ਹੋ ਸਕਦਾ ਹੈ ਸਾਨੂੰ ਸ਼ੁਰੂਆਤ ਵਿਚ ਇਸ ਬਾਰੇ ਉੱਕਾ ਵੀ ਇਲਮ ਨਾ ਹੋਵੇ ਕਿ ਇਹ ਸਫ਼ਰ ਸਾਨੂੰ ਕਿੱਥੇ ਲੈ ਜਾਵੇ ਜਾਂ ਸਾਡੇ ਹਾਲੀਆ ਅਭਿਆਸ ਵਾਸਤੇ ਇਸਦਾ ਕੀ ਮਤਲਬ ਹੋਵੇਗਾ। ਪਰ ਫਿਰ ਵੀ ਸਾਨੂੰ ਇਕ ਖਿੱਚ ਹੋਵੇ, ਇਸਨੂੰ ਵਧੇਰੇ ਜਾਨਣ ਦੀ ਅਤੇ ਇਸ ਤੇ ਅਮਲ ਕਰਨ ਦੀ ਲੋੜ ਮਹਿਸੂਸ ਹੋਵੇ। ਅਜਿਹੇ ਮੌਕਿਆਂ ਤੇ ਥੋੜੀ ਜਿਹੀ ਮਦਦ ਕਾਫੀ ਕੰਮ ਆ ਸਕਦੀ ਹੈ।

ਆਰਟਸ ਪ੍ਰੈਕਟਿਸ ਪ੍ਰੋਗਰਾਮ ਤਹਿਤ, ਸਾਨੂੰ ਅਜਿਹੇ *ਐਕਸਪਲੋਰੇਸ਼ਨਜ(ਤਜ਼ਰਬਿਆਂ)* ਦੇ ਪ੍ਰਸਤਾਵਾਂ ਦੀ ਭਾਲ ਹੈ ਜੋ ਮੁੱਢਲੇ, ਜੋਖ਼ਮ ਭਰੇ ਜਾਂ ਅਸਲੋਂ ਨਵੇਂ ਖਿਆਲਾਂ ਨੂੰ ਵਿਚਾਰਨ, ਪਰਖ ਕਰਨ ਅਤੇ ਬਣਾ ਕੇ, ਖੇਡ ਕੇ ਦੇਖਣ; **ਜ਼ਰੂਰੀ ਨਹੀਂ ਕੇ ਇਸ ਵਿਚੋਂ ਕੋਈ**

**ਮੁਕੰਮਲ ਕਲਾ-ਕਿਰਤ ਬਣੇ**। ਇਸ ਵਿਚ ਖੋਜ, ਸਕ੍ਰਿਪਟ ਲਿਖਣੀ, ਲੋਕੇਸ਼ਨ ਲੱਭਣੀ, ਐਨੀਮੈਟਿਕਸ, ਜੈਮਿੰਗ ਭਾਵ ਗੀਤ-ਸੰਗੀਤ ਬਨਾਉਣਾ, ਸਟੋਰੀਬੋਰਡ ਬਨਾਉਣਾ, ਰਿਹਰਸਲ, ਸੈਂਪਲਿੰਗ, ਰੋਬੋਟਿਕਸ, ਲੈਬ ਵਿਚਲੇ ਤਜ਼ਰਬੇ ਅਤੇ ਕਿਸੇ ਵੀ ਤਰ੍ਹਾਂ ਦਾ ਤਜ਼ਰਬੇ ਵਾਲਾ ਕੰਮ ਹੋ ਸਕਦੇ ਹਨ, ਜਿਨ੍ਹਾਂ ਨਾ਼ਲ ਵਿਚਾਰ ਪਰਖੇ ਜਾ ਸਕਦੇ ਹੋਣ।

ਪ੍ਰੋਜੈਕਟ ਦੀ ਮਿਆਦ: 6 ਮਹੀਨੇ ਤੱਕ
ਬਜਟ: ਵੱਧ ਤੋਂ ਵੱਧ 1,00,000 ਰੁਪਏ
ਆਖਰੀ ਤਰੀਕ: 19 ਅਪ੍ਰੈਲ, 2024

## ਪ੍ਰਸਤਾਵ ਕੌਣ ਭੇਜ ਸਕਦੇ ਹਨ?

ਪ੍ਰੋਗਰਾਮ ਕਿਸੇ ਵੀ ਵਿਧਾ ਦੇ ਵਿਚ ਜਾਂ ਵੱਖ-ਵੱਖ ਵਿਧਾਵਾਂ ਵਿਚ ਕੰਮ ਕਰਨ ਵਾਲਿਆਂ ਤੋਂ ਪ੍ਰਸਤਾਵਾਂ ਦੀ ਮੰਗ ਕਰਦਾ ਹੈ। ਇਹਨਾਂ ਵਿਚ

- ਪ੍ਰਫੌਰਮਿੰਗ ਕਲਾਕਾਰ: ਸੰਗੀਤ, ਧ੍ਵਨੀ, ਲਿਖਤ, ਨਾਚ, ਮੂਵਮੈਂਟ, ਰੰਗਮੰਚ, ਪੁਤਲੀਤਮਾਸ਼ਾ, ਕਥਾਕਾਰੀ, ਜਾਦੂ, ਸਰਕਸ ਜਾਂ ਹੋਰਨਾਂ ਪ੍ਰਫੌਰਮੈਂਸ ਦੀਆਂ ਕਲਾਵਾਂ ਵਿਚ ਕੰਮ ਕਰਨ ਵਾਲੇ
- ਵਿਜੁਅਲ(ਦ੍ਰਿਸ਼) ਕਲਾਕਾਰ: ਫ਼ਿਲਮ(ਦਸਤਾਵੇਜ਼ੀ ਜਾਂ ਕਾਲਪਨਿਕ), ਐਨੀਮੇਸ਼ਨ, ਫ਼ੋਟੋਗਰਾਫੀ, ਇੰਸਟਾਲੇਸ਼ਨ, ਨਵਾਂ ਮੀਡੀਆ, ਆਰਟੀਫੀਸ਼ੀਅਲ ਇੰਟੈਲੀਜੈਂਸ, ਰੋਬੋਟਿਕਸ, ਇੰਟਰਐਕਟਿਵ ਆਰਟਸ, ਗੇਮਿੰਗ, ਚਿਤਰਕਲਾ, ਬੁੱਤਤਰਾਸ਼ੀ, ਪਰਿੰਟਮੇਕਿੰਗ, ਕੌਮਿਕ ਕਿਤਾਬਾਂ, ਗਰਾਫ਼ਿਕ ਬਿਰਤਾਂਤਾਂ, ਕਲਾ ਕਿਤਾਬਾਂ ਜਾਂ ਹੋਰ ਦ੍ਰਿਸ਼ ਕਲਾਵਾਂ ਵਿਚ ਕੰਮ ਕਰਨ ਵਾਲੇ
- ਕਿਊਰੇਟਰ, ਖਾਸ ਤੌਰ ‘ਤੇ ਉਹ ਜੋ ਗੈਲਰੀ ਦੇ ਬਾਹਰ ਕੰਮ ਕਰਦੇ ਹਨ
- ਕਵੀ, ਨਾਵਲਕਾਰ, ਨਾਟਕਕਾਰ ਜੋ ਸਾਹਿਤਕਲਾ ਵਿਚ ਕੰਮ ਕਰਦੇ ਹਨ
- ਕਈ ਵਿਧਾਵਾਂ ਵਿਚ ਕੰਮ ਕਰਨ ਵਾਲੇ ਕਲਾਕਾਰ

## ਯੋਗਤਾ:

ਜੇ ਤੁਸੀਂ ਭਾਰਤੀ ਨਾਗਰਿਕ ਹੋ ਤਾਂ ਪ੍ਰੋਜੈਕਟ ਪ੍ਰਸਤਾਵ ਭੇਜ ਸਕਦੇ ਹੋ। ਤੁਹਾਡੇ ਸਹਿਯੋਗੀ ਵੀ ਭਾਰਤੀ ਹੋਣੇ ਚਾਹੀਦੇ ਹਨ। ਜਿਆਦਾ ਜਾਣਕਾਰੀ ਲਈ, ਇੱਥੇ ਕਲਿੱਕ ਕਰੋ

## ਪ੍ਰਸਤਾਵ ਭੇਜਣ ਦਾ ਤਰੀਕਾ:

**ਤੁਸੀਂ ਆਪਣਾ ਪ੍ਰਸਤਾਵ ਅੰਗਰੇਜੀ ਸਮੇਤ ਕਿਸੇ ਵੀ ਭਾਰਤੀ ਭਾਸ਼ਾ ਵਿਚ ਲਿਖ ਸਕਦੇ ਹੋ। ਆਈ.ਐਫ.ਏ. ਅੰਗਰੇਜ਼ੀ ਤੋਂ ਇਲਾਵਾ ਬਾਕੀ ਭਾਰਤੀ ਬੋਲੀਆਂ ਵਿਚਲੇ ਪ੍ਰਜੈਕਟਾਂ ਦੀ ਹੌਸਲਾ ਅਫ਼ਜ਼ਾਈ ਕਰਦਾ ਹੈ।**

ਸਾਨੂੰ ਪ੍ਰਸਤਾਵ ਇਸ ਜਾਣਕਾਰੀ ਸਮੇਤ ਭੇਜੇ ਜਾਣ:

- ਬਤੌਰ ਕਲਾਕਾਰ ਤੁਹਾਡੀ ਹੁਣ ਤੱਕ ਦੇ ਕਲਾ ਅਭਿਆਸ ਦੇ ਵਿਸ਼ੇ ਅਤੇ ਦਿਲਚਸਪੀ
- ਜੋ ਐਕਸਪਲੋਰੇਸ਼ਨ(ਤਜ਼ਰਬਾ) ਤੁਸੀਂ ਕਰਨਾ ਚਾਹੁੰਦੇ ਹੋ ਅਤੇ ਕਿਉਂ
- ਟਾਈਮਲਾਈਨ ਅਤੇ ਬਜਟ ਦਾ ਵੇਰਵਾ
- ਪਹਿਲਾਂ ਕੀਤੇ ਕੰਮਾਂ ਦੀਆਂ ਉਦਾਹਰਣਾਂ
- ਸਿਰਨਾਵੇਂ, ਫੋਨ ਨੰਬਰ ਅਤੇ ਈਮੇਲ ਆਈਡੀ ਸਮੇਤ ਤੁਹਾਡਾ ਸੀਵੀ
- ਤੁਸੀਂ ਆਈ.ਐਫ਼.ਏ. ਸਟਾਫ਼ ਤੋਂ ਜਵਾਬ ਵਾਸਤੇ ਆਪਣੇ ਸਵਾਲ ਜਾਂ ਮੁੱਢਲੇ ਵਿਚਾਰ ਲਿਖਤੀ, ਆਡੀਓ ਜਾਂ ਵੀਡੀਓ ਰੂਪ ਵਿਚ 12 **ਅਪ੍ਰੈਲ** 2024 ਤੱਕ ਭੇਜ ਸਕਦੇ ਹੋ।

ਆਪਣੇ ਮੁਕੰਮਲ ਪ੍ਰਸਤਾਵ ਇੱਕ ਈਮੇਲ ਰਾਹੀਂ, ਈਮੇਲ 25 MB ਤੋਂ ਵੱਧ ਨਾ ਹੋਵੇ, **ਜੌਨ੍ਹ ਜ਼ੇਵੀਅਰਜ**, ਪ੍ਰੋਗਰਾਮ ਅਫਸਰ, ਆਰਟਸ ਪ੍ਰੈਕਟਿਸ ਨੂੰ john@indiaifa.org ਤੇ 19 **ਅਪ੍ਰੈਲ** 2023 ਤੱਕ ਭੇਜੇ ਜਾ ਸਕਦੇ ਹਨ, ਈਮੇਲ ਦਾ ਵਿਸ਼ਾ ਹੋਵੇ: **ਐਕਸਪਲੋਰੇਸ਼ਨਜ (ਆਰਟਸ ਪ੍ਰੈਕਟਿਸ) ਲਈ ਪ੍ਰੋਜੈਕਟ ਪ੍ਰਸਤਾਵ**

ਆਪਣੇ ਪ੍ਰਸਤਾਵ ਬਾਰੇ ਕਿਸੇ ਵੀ ਸਵਾਲ ਜਾਂ ਪੁੱਛਗਿਛ ਲਈ john@indiaifa.org ਨੂੰ ਲਿਖੋ।

## ਚੋਣ ਦਾ ਤਰੀਕਾ:

ਸ਼ੌਰਟਲਿਸਟ ਕੀਤੇ ਪ੍ਰਸਤਾਵ ਬਾਹਰੀ ਪੈਨਲ ਵੱਲੋਂ ਵਾਚੇ ਜਾਣਗੇ ਅਤੇ ਬਿਨੈਕਾਰਾਂ ਨੂੰ ਪੈਨਲ ਸਾਹਮਣੇ ਆਪਣੇ ਵਿਚਾਰ ਪੇਸ਼ ਕਰਨ ਦੀ ਜ਼ਰੂਰਤ ਪਵੇਗੀ। ਅਮਲ ਲਈ ਚੁਣੇ ਗਏ ਪ੍ਰੋਜੈਕਟ **ਜੁਲਾਈ** 2024 ਵਿਚ ਨਸ਼ਰ ਕੀਤੇ ਜਾਣਗੇ।

**ਸਾਰੇ ਦੇ ਸਾਰੇ ਚੁਣੇ ਹੋਏ ਪ੍ਰੋਜੈਕਟ ਆਈ.ਐਫ.ਏ. ਵੱਲੋਂ ਲਾਗੂ ਕੀਤੇ ਜਾਣਗੇ।**

**ਯਾਦ ਰਹੇ ਕਿ ਆਈ.ਐਫ.ਏ. ਇਕ ਸੁਰੱਖਿਅਤ ਮਹੌਲ ਸਿਰਜਣ ਲਈ ਵਚਨਬੱਧ ਹੈ ਜਿਸ ਵਿਚ ਬਾਲ ਬੱਚਿਆਂ ਸਮੇਤ ਹਰੇਕ ਦੀ ਸੁਰੱਖਿਆ, ਦੇਖਭਾਲ਼ ਅਤੇ ਇੱਜ਼ਤ ਹੋਵੇ। ਬਿਨੈਕਾਰ ਇਸ ਵਚਨਬੱਧਤਾ ਦਾ ਧਾਰਨੀ ਹੋਵੇ ਅਤੇ ਹਰ ਵੇਲ਼ੇ ਇਸ ਦੀ ਪੈਰਵਾਈ ਕਰੇ।**